ਸਚੁ ਸੁਣਾਇਸੀ ਸਚ ਕੀ ਬੇਲਾ

ਬੁਧਵਾਰ, 23 ਅਕਤੂਬਰ, 2013

ਬੁਰੰਗੀ

ਰੋਜ਼ਾਨਾ ਸਪੋਕਸਮੈਨ

ਸਿੱਖੀ ਅਣਖ ਤੇ ਸ੍ਵੈਮਾਣ 'ਚੋਂ ਉਪਜੀ

ਗ਼ਦਰ ਲਹਿਰ

ਤਰਲੋਚਨ ਸਮਾਧਵੀ

ਸਿੱਖ ਮਾਨਸਕਤਾ ਸ਼ੁਰੂ ਤੋਂ ਹੀ ਗ਼ੈਰਤ, ਸ੍ਵੈਮਾਣ, ਆਤਮ ਵਿਸ਼ਵਾਸ, ਨਿਡਰਤਾ ਤੇ ਭਰੋਸੇ ਨਾਲ ਭਰਪੂਰ ਰਹੀ ਹੈ। ਸਿੱਖਾਂ ਨੇ ਨਾ ਕਦੇ ਕਿਸੇ ਨੂੰ ਗ਼ੁਲਾਮ ਬਣਾਉਣਾ ਚਾਹਿਆ ਅਤੇ ਨਾ ਹੀ ਇਕ ਪਲ ਕਿਸੇ ਦੀ ਗ਼ੁਲਾਮੀ ਦਾ ਜੂਲਾ ਅਪਣੇ ਮੋਢਿਆਂ ਉਪਰ ਟਿਕਣ ਦਿਤਾ। ਭਾਰਤ ਲਗਪਗ 8 ਸਦੀਆਂ ਤਕ ਵਿਦੇਸ਼ੀ ਧਾੜਵੀਆਂ ਤੇ ਵਿਦੇਸ਼ੀ ਸਾਮਰਾਜ ਦਾ ਗ਼ੁਲਾਮ ਰਿਹਾ, ਪਰ ਪੰਜਾਬੀਆਂ ਨੇ ਨਾ ਸਿਰਫ਼ ਇਸ ਵਿਦੇਸ਼ੀ ਗ਼ੁਲਾਮੀ ਦਾ ਡੱਟ ਕੇ ਵਿਰੋਧ ਕੀਤਾ ਤੇ ਅਥਾਹ ਕੁਰਬਾਨੀਆਂ ਦੇ ਕੇ ਅਪਣੀ ਹੋਂਦ ਦਾ ਅਹਿਸਾਸ ਕਰਵਾਇਆ ਸਗੋਂ ਭਾਰਤ ਦੀ ਲੰਮੀ ਗ਼ੁਲਾਮੀ ਦੀ ਆਜ਼ਾਦੀ ਲਈ ਵੀ ਫ਼ੈਸਲਾਕੁਨ ਜੰਗਾਂ ਲੜੀਆਂ।

ਪੰਜਾਬ ਲਗਪਗ ਸੌ ਸਾਲ ਬਰਤਾਨਵੀ ਹਕੂਮਤ ਹੇਠ ਰਿਹਾ ਪਰ ਪੰਜਾਬੀਆਂ ਨੇ ਅੰਗਰੇਜ਼ੀ ਹਕੂਮਤ ਨੂੰ ਇਕ ਪਲ ਵੀ ਸ਼ਾਂਤ ਨਾ ਬੈਠਣ ਦਿਤਾ। ਕਦੇ ਨਨਕਾਣਾ ਸਾਹਿਬ ਦਾ ਮੋਰਚਾ, ਕਦੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਮੋਰਚਾ, ਕਦੇ ਤੇਸ਼ੇਖ਼ਾਨੇ ਦੀਆਂ ਚਾਬੀਆਂ ਦਾ ਮੋਰਚਾ, ਕਦੇ ਜਲ੍ਹਿਆਂ ਵਾਲਾ ਬਾਗ਼ਾ, ਗੁਰੂ ਕਾ ਬਾਗ਼ਾ ਤੇ ਜੈਤੋ ਦਾ ਮੋਰਚਾ ਲਾ ਕੇ ਖ਼ੂਨ ਡੋਲ੍ਹਵੀਆਂ ਕੁਰਬਾਨੀਆਂ ਦਿਤੀਆਂ। ਇਸੇ ਦੌਰਾਨ ਬੱਬਰ ਅਕਾਲੀ ਲਹਿਰ, ਗ਼ਦਰ ਲਹਿਰ ਤੇ ਕਾਮਾਗਾਟੂਮਾਰੂ ਲਹਿਰ ਅੰਗਰੇਜ਼ੀ ਸਾਮਰਾਜ ਦੀਆਂ ਨੀਂਹਾਂ ਹਿਲਾਉਣ ਦਾ ਸਬੱਬ ਬਣੀਆਂ।

ਪੰਜਾਬ ਤੇ ਮ੍ਹਾਸ ਕਰ ਕੇ ਸਿੰਘ, ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ ਵਿਚ ਰੁਜ਼ਗਾਰ ਦੀ ਭਾਲ ਵਿਚ ਨਿਕਲੇ ਕਿਉਂਕਿ ਉਸ ਸਮੇਂ ਅੰਗਰੇਜ਼ੀ ਹਕੂਮਤ ਕਾਰਨ ਦੇਸ਼ ਵਿਚ ਅਤਿ ਦਰਜੇ ਦੀ ਮੰਦਹਾਲੀ ਤੇ ਕੰਗਾਲੀ ਸੀ। ਬਾਹਰ ਜਾ ਕੇ ਪੰਜਾਬੀਆਂ ਨੇ ਪਹਿਲੀ ਵਾਰ ਮਨੁੱਖੀ ਆਜ਼ਾਦੀ ਦੇ ਮਾਹੌਲ ਵਿਚ ਸਾਹ ਲਿਆ ਤੇ ਮਨੁੱਖੀ ਅਧਿਕਾਰਾਂ ਨੂੰ ਅਨੁਭਵ ਕੀਤਾ ਜਿਸ ਕਰ ਕੇ ਉਨ੍ਹਾਂ ਦੇ ਮਨ ਵਿਚ ਵੀ ਭਾਰਤ ਨੂੰ ਆਜ਼ਾਦ ਤੇ ਖ਼ੁਸ਼ਹਾਲ ਵੇਖਣ ਦੀ ਤਮੰਨਾ ਉਠੀ। ਅੰਗਰੇਜ਼ੀ ਸਾਮਰਾਜ ਵਲੋਂ ਅਪਣੀਆਂ ਬਸਤੀਆਂ ਵਿਚ ਜੋ ਸਮਾਜਕ, ਆਰਥਕ, ਸਿਆਸੀ ਤੇ ਕਾਨੂੰਨੀ ਨੀਤੀਆਂ ਠੋਸੀਆਂ ਹੋਈਆਂ ਸਨ, ਉਹ ਪੂਰੀ ਤਰ੍ਹਾਂ ਗ਼ੈਰ ਮਨੁੱਖੀ, ਗ਼ੁਲਾਮੀ ਦਾ ਅਹਿਸਾਸ ਕਰਵਾਉਣ ਵਾਲੀਆਂ ਤੇ ਤਬਾਹਕੁਨ ਸਨ। ਪੰਜਾਬੀ ਨੌਜਵਾਨਾਂ ਨੇ ਅਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਕੰਮ ਕਰ ਕੇ ਅਪਣੀ ਆਰਥਕਤਾ ਕਾਫ਼ੀ ਮਜ਼ਬੂਤ ਕਰ ਲਈ ਤੇ ਉਨ੍ਹਾਂ ਦੇ ਮਨ ਵਿਚ ਆਜ਼ਾਦੀ ਦਾ ਸੁਪਨਾ ਅੰਗੜਾਈ ਲੈਣ ਲੱਗਾ। ਉਨ੍ਹਾਂ ਦੇਖਿਆ ਕਿ ਅਮਰੀਕਨ ਲੋਕ ਅਪਣਾ ਆਜ਼ਾਦੀ ਦਿਹਾੜਾ 4 ਜੁਲਾਈ, 1776 ਨੂੰ ਮਨਾਉਂਦੇ ਸਨ ਤੇ ਅਮਰੀਕਨਾਂ ਨੂੰ ਰਾਜਨੀਤਕ, ਸਮਾਜਕ, ਆਰਥਕ ਖੇਤਰਾਂ ਵਿਚ ਆਜ਼ਾਦੀ ਮਿਲੀ ਹੋਈ ਸੀ ਜਿਸ ਨੂੰ ਦੇਖ ਕੇ ਭਾਰਤੀਆਂ ਵਿਚ ਵੀ ਅਜਿਹੇ ਮਨੁੱਖੀ ਅਧਿਕਾਰ ਪ੍ਰਾਪਤ ਕਰਨ ਦਾ ਜਜ਼ਬਾ ਪੈਦਾ ਹੋਇਆ।

ਇਸੇ ਦੌਰਾਨ ਅਮਰੀਕਾ ਵਿਚ ਆਰਥਕ ਮੰਦੀ ਆ ਗਈ। ਗੋਰਿਆਂ ਨੇ ਸੋਚਣਾ ਸ਼ੁਰੂ ਕੀਤਾ ਕਿ ਇਸ ਆਰਥਕ ਮੰਦੀ ਦਾ ਕਾਰਨ ਏਸ਼ੀਅਨ ਲੋਕ ਭਾਵ ਚੀਨੀ, ਜਾਪਾਨੀ ਤੇ ਭਾਰਤੀ ਹਨ ਜਿਨ੍ਹਾਂ ਕਰ ਕੇ ਦੇਰੀ ਹੋਏ ਤੇ ਏਸ਼ੀਅਨ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਜਾਪਾਨ ਅਤੇ ਚੀਨੀ ਸਰਕਾਰਾਂ ਨੇ ਅਪਣੇ ਲੋਕਾਂ ਦੀ ਹਿਫ਼ਾਜ਼ਤ ਲਈ ਤੇ ਵਧੀਕੀਆਂ ਵਿਰੁਧ, ਅਮਰੀਕਾ ਸਰਕਾਰ ਨਾਲ ਗੱਲਬਾਤ ਕੀਤੀ, ਪਰ ਭਾਰਤ ਵਿਚ ਬਰਤਾਨਵੀ ਰਾਜ ਵਿਦੇਸ਼ੀ ਹੋਣ ਕਰ ਕੇ ਭਾਰਤੀਆਂ ਦੀ ਕਿਸੇ ਨੇ ਮਦਦ ਨਾ ਕੀਤੀ ਜਿਸ ਕਰ ਕੇ ਪੁਰਾਣੀ ਭਾਰਤੀਆਂ ਵਿਚ ਅਪਣੀ ਗ਼ੁਲਾਮੀ ਦਾ ਅਹਿਸਾਸ ਹੋਰ ਵੀ ਡੂੰਘਾ ਹੋ ਗਿਆ। ਇਸ ਦੇ ਨਤੀਜੇ ਵਜੋਂ ਵੱਖ-ਵੱਖ ਰਾਜਾਂ ਵਿਚ ਰੀਹ ਰਹੇ ਚੇਤੰਨ ਪੰਜਾਬੀਆਂ, ਸਿੱਖਾਂ, ਮੁਲਾਮਾਨਾਂ ਤੇ ਹੋਰ ਭਾਰਤੀਆਂ ਨੇ ਵਿਚਾਰ ਚਰਚਾ ਕਰਨੀ ਸ਼ੁਰੂ ਕਰ ਦਿਤੀ ਤੇ ਦੇਸ਼ ਦੀ ਆਜ਼ਾਦੀ ਲਈ ਮੁਢਲੀ ਹਥਿਆਰਬੰਦ ਤੇ ਪ੍ਰਚਾਰ ਲਹਿਰ ਸ਼ੁਰੂ ਕਰਨ ਦੇ ਬਾਨ੍ਹਣੂ ਬੰਨ੍ਹਣੇ ਸ਼ੁਰੂ ਕਰ ਦਿਤੇ। ਮਿਸਟਰ ਤਾਰਕ ਨਾਥ ਸਿਆਟਲ ਤੋਂ 'ਦ ਇੰਡੀਆ' ਮੈਗਜ਼ੀਨ ਕਢਦੇ ਸਨ। ਇਸ ਮੈਗਜ਼ੀਨ ਨੇ ਪ੍ਰਵਾਸੀ ਭਾਰਤੀਆਂ ਨੂੰ ਇਕ ਪਲੇਟਫ਼ਾਰਮ ਉਪਰ ਇਕੱਠੇ ਹੋਣ ਵਿਚ ਅਹਿਮ ਭੂਮਿਕਾ ਨਿਭਾਈ, ਜਿਸ ਦੇ ਸਿੱਟੇ ਵਜੋਂ 1911 'ਚ ਭਾਰਤੀਆਂ ਨੇ ਏਸ਼ਿਆ ਇੰਡੀਆ ਐਸੋਸੀਏਸ਼ਨ ਸਬੰਬੇਦੀ ਦੀ ਸਥਾਪਨਾ ਕੀਤੀ। 1912 ਵਿਚ ਐਰੇਗਨ ਸਟੇਟ 'ਚ ਭਾਰਤੀਆਂ ਦੀ ਇਕ ਅਹਿਮ ਮੀਟਿੰਗ ਹੋਈ ਤੇ ਇੰਡੀਅਨ ਐਸੋਸੀਏਸ਼ਨ ਵਲੋਂ ਵੀਕਲੀ ਉਰਦੂ ਅਖ਼ਬਾਰ 'ਦ ਇੰਡੀਆ' ਕੱਢਣ ਦਾ ਫ਼ੈਸਲਾ ਕੀਤਾ ਗਿਆ। ਇਸੇ ਦੌਰਾਨ ਬਾਬਾ ਸੋਹਣ ਸਿੰਘ ਭਕਨਾ, ਭਾਈ ਉਧਮ ਸਿੰਘ ਕਸੇਲ ਨੂੰ, ਉਨ੍ਹਾਂ ਦੀਆਂ ਆਜ਼ਾਦੀ ਸਰਗਰਮੀਆਂ ਕਾਰਨ, ਨੌਕਰੀ ਤੋਂ ਕੱਢ ਦਿਤਾ ਗਿਆ ਜਿਸ ਕਾਰਨ ਭਾਰਤੀ ਭਾਈਚਾਰੇ ਵਿਚ ਰੋਸ ਦੀ ਲਹਿਰ ਫੈਲ ਗਈ ਤੇ ਉਨ੍ਹਾਂ ਵਿਚ ਆਜ਼ਾਦੀ ਦਾ ਜਜ਼ਬਾ ਹੋਰ ਮਜ਼ਬੂਤ ਹੋ ਗਿਆ। ਇਸੇ ਦੌਰਾਨ ਅਸਟੋਰੀਆ (ਐਰੇਗਨ ਸਟੇਟ) ਵਿਚ ਐਸੋਸੀਏਸ਼ਨ ਦਾ ਯੂਨਿਟ ਸਥਾਪਤ ਕੀਤਾ ਗਿਆ ਜਿਸ ਦੇ ਪ੍ਰਧਾਨ ਭਾਈ ਕੇਸਰ ਸਿੰਘ, ਸਕੱਤਰ ਮੁਨਸ਼ੀ ਕਰੀਮ ਬਖ਼ਸ਼ ਤੇ ਖ਼ਜ਼ਾਨਚੀ ਮੁਨਸ਼ੀ ਰਾਮ ਚੁਣੇ ਗਏ। ਇਸ ਯੂਨਿਟ ਦੀਆਂ ਬਕਾਇਦਾ ਮੀਟਿੰਗਾਂ ਹੋਣੀਆਂ ਸ਼ੁਰੂ ਹੋ ਗਈਆਂ ਜਿਸ ਵਿਚ ਭਾਰਤ ਦੀ ਆਜ਼ਾਦੀ ਦੇ ਵੱਖ-ਵੱਖ ਪਹਿਲੂਆਂ ਤੇ ਸੰਭਾਵਨਾਵਾਂ ਉਪਰ ਵਿਚਾਰ ਚਰਚਾ ਹੁੰਦੀ।

ਇਸੇ ਦੌਰਾਨ ਲਾਲਾ ਹਰਦਿਆਲ ਐਮ.ਏ. ਤੇ ਕਰਤਾਰ ਸਿੰਘ ਸਰਾਭਾ ਵੀ ਅਮਰੀਕਾ ਆਏ ਹੋਏ ਸਨ। 'ਦ ਇੰਡੀਆ' ਮੈਗਜ਼ੀਨ ਭਾਰਤੀ ਭਾਈਚਾਰੇ ਲਈ ਇਕ ਵਿਚਾਰਧਾਰਕ ਮੰਚ ਬਣ ਚੁੱਕਾ ਸੀ, ਪਰ ਮੈਗਜ਼ੀਨ ਦੇ ਸੰਪਾਦਕ ਜੀ.ਡੀ. ਕੁਮਾਰ ਦੇ ਬੀਮਾਰ ਹੋਣ ਕਰ ਕੇ ਇਹ ਮੈਗਜ਼ੀਨ ਬੰਦ ਹੋ ਗਿਆ। ਬਾਬਾ ਸੋਹਣ ਸਿੰਘ ਭਕਨਾ, ਲਾਲਾ ਟੋਕਰ ਦਾਸ ਧੂਰੀ ਤੇ ਕਾਸ਼ੀ ਰਾਮ ਨੇ ਲਾਲਾ ਹਰਦਿਆਲ ਨਾਲ ਸਲਾਹ ਕਰ ਕੇ 'ਗਦਰ' ਨਾਂ ਦਾ ਮੈਗਜ਼ੀਨ ਚਲਾਉਣ ਦੀ ਸ਼ੁਰੂਆਤ ਕੀਤੀ। ਮਾਰਚ 1913 'ਚ ਟੋਕਰ ਦਾਸ, ਭਾਈ ਪਰਮਾ ਨੰਦ ਨਾਲ ਐਰੇਗਨ ਪਹੁੰਚੇ ਤੇ ਉਸ ਮੀਟਿੰਗ ਵਿਚ ਵੱਖ-ਵੱਖ ਸ਼ਹਿਰਾਂ ਤੋਂ ਆਗੂ ਸੌਂ ਕੇ ਗ਼ਦਰ ਸੰਘਰਸ਼ ਨੂੰ ਹੋਰ ਪ੍ਰਚੇਛ ਕਰਨ ਦਾ ਫ਼ੈਸਲਾ ਕੀਤਾ ਗਿਆ ਤੇ ਅਮਰੀਕਾ ਵਿਚ ਵੱਖ-ਵੱਖ ਸ਼ਹਿਰਾਂ ਦੀਆਂ ਯੂਨਿਟਾਂ ਦਾ ਮੁੱਖ ਦਫ਼ਤਰ ਸਨਫ਼ਰਾਂਸਿਸਕੋ ਵਿਖੇ ਖੋਲ੍ਹਣ ਦਾ ਫ਼ੈਸਲਾ ਕੀਤਾ ਗਿਆ। ਇਸ ਮੁੱਖ ਦਫ਼ਤਰ ਦਾ ਨਾਂ 'ਗਦਰ ਆਸ਼ਰਮ' ਰਖਿਆ ਗਿਆ ਤੇ ਇਸ ਨੂੰ ਗਦਰ ਅਖ਼ਬਾਰ ਦਾ ਮੁੱਖ ਦਫ਼ਤਰ ਬਣਾਇਆ ਗਿਆ। ਇਸੇ ਦੌਰਾਨ ਦਿਲ ਅੰਦਰ ਆਜ਼ਾਦ ਭਾਰਤ ਦੀ ਚਿਣਗ ਲੈ ਕੇ ਨਿਕਲੇ ਅਣਦਾਢ੍ਹੀਏ ਪੰਜਾਬੀ ਗੌਰੂ ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ ਨੂੰ ਉਸ ਦੇ ਆਸ਼ਰਮ ਵਿਚ ਮਿਲੇ। ਪਹਿਲਾਂ ਤਾਂ ਐਲ੍ਹਡ ਉਮਰ ਦੇਖ ਕੇ ਲਾਲਾ ਜੀ ਨੇ ਕਰਤਾਰ ਸਿੰਘ ਸਰਾਭਾ ਨੂੰ ਗ਼ਦਰ ਪਾਰਟੀ ਵਿਚ ਸ਼ਾਮਲ ਕਰਨ ਤੋਂ ਇਨਕਾਰ ਕਰ ਦਿਤਾ, ਪਰ ਕਰਤਾਰ ਸਿੰਘ ਸਰਾਭਾ ਨੇ ਜਿਥੇ ਅੰਗਰੇਜ਼ ਨਹੀਂ, ਉਥੇ ਖੁਲ੍ਹੇਆਮ ਤੇ ਜਿਸ ਦੇਸ਼ ਵਿਚ ਅੰਗਰੇਜ਼ੀ ਹਕੂਮਤ ਸੀ, ਉਥੇ ਗੁਪਤ ਢੰਗ ਨਾਲ ਗ਼ਦਰ ਲਹਿਰ ਦੀਆਂ ਸਰਗਰਮੀਆਂ ਚਲਾਈਆਂ ਜਾਣ।

ਗ਼ਦਰ ਲਹਿਰ ਦੇ ਇਨ੍ਹਾਂ ਸੂਰਮਿਆਂ, ਜਿਨ੍ਹਾਂ ਵਿਚ ਬਾਬਾ ਸੋਹਨ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ, ਬਾਬਾ ਨਿਧਾਨ ਸਿੰਘ ਮਹੇਸ਼ਰੀ, ਬਾਬਾ ਬਚਨ ਸਿੰਘ ਘੋਲੀਆ, ਬਾਬਾ ਗੋਰੂ ਰਾਮ ਮੰਗੋਵਾਲ, ਬਾਬਾ ਗੁਰਮੁਖ ਸਿੰਘ ਲਲਤੋਂ, ਭਾਈ ਕੇਸਰ ਸਿੰਘ, ਮੁਨਸ਼ੀ ਕਰੀਮ ਬਖ਼ਸ਼, ਲਾਲਾ ਟੋਕਰ ਦਾਸ ਧੂਰੀ, ਭਾਈ ਪਰਮਾਨੰਦ ਆਦਿ ਮੁੱਖ ਸਨ, ਦੇ ਸੁਹਿਰਦ ਯਤਨਾਂ ਤੇ ਅਣਥਕ ਕੋਸ਼ਿਸ਼ਾਂ ਦੇ ਬਾਵਜੂਦ, ਇਹ ਲਹਿਰ ਆਜ਼ਾਦੀ ਪ੍ਰਾਪਤੀ ਵਿਚ ਸਫ਼ਲ ਨਾ ਹੋ ਸਕੀ। ਲਾਲਾ ਹਰਦਿਆਲ ਦਮੇਂ ਦੇ ਮਰੀਜ਼ ਸਨ ਜਿਸ ਕਰ ਕੇ ਉਨ੍ਹਾਂ ਦੀ ਸਿਹਤ ਦਿਨੋ-ਦਿਨ ਵਿਗੜਦੀ ਗਈ ਤੇ ਉਹ ਪਾਰਟੀ ਲਈ ਬਹੁਤੀਆਂ ਸੇਵਾਵਾਂ ਨਾ ਦੇ ਸਕੇ। ਕਰਤਾਰ ਸਿੰਘ ਸਰਾਭਾ ਅਖ਼ਬਾਰਾਂ (ਗ਼ਦਰ ਦੀ ਗੂੰਜ) ਸਮੇਤ ਭਾਰਤ ਵਿਚ ਗ੍ਰਿਫ਼ਤਾਰ ਹੋ ਗਏ। ਗ਼ਦਰ ਪਾਰਟੀ ਦੇ ਗਠਨ ਤੋਂ ਕੇਵਲ ਡੇਢ ਸਾਲ ਬਾਅਦ 1914 'ਚ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ। ਗ਼ਦਰੀਆਂ ਆਗੂ ਅੰਗਰੇਜ਼ ਨੂੰ ਸੰਸਾਰ ਜੰਗ ਵਿਚ ਫਸਿਆ ਵੇਖ ਕੇ, ਉਸ ਉਪਰ ਹੋਰ ਕਰਾਰੀ ਸੱਟ ਮਾਰ ਕੇ, ਉਸ ਨੂੰ ਭਾਰਤ ਵਿਚੋਂ ਭਜਾਉਣਾ ਚਾਹੁੰਦੇ ਸਨ, ਪਰ ਭਾਰਤ ਵਿਚ ਪੂਰੀ ਯੋਜਨਾਬੰਦੀ ਤੇ ਤਿਆਰੀ ਨਾ ਹੋਣ ਕਾਰਨ ਗ਼ਦਰ ਲਹਿਰ ਨਾਲ ਸਬੰਧਤ ਆਗੂ ਗ੍ਰਿਫ਼ਤਾਰ ਹੋ ਗਏ। ਬਾਹਰ ਬੈਠੇ ਗ਼ਦਰੀ ਯੋਧਿਆਂ ਨੂੰ ਭੁਲੇਖਾ ਸੀ ਕਿ ਭਾਰਤ ਵਿਚ ਗ਼ਦਰ ਲਹਿਰ ਚੰਗਾ ਪ੍ਰਭਾਵ ਰਖਦੀ ਹੈ ਜੋ ਕਿ ਸੱਚ ਨਹੀਂ ਸੀ। ਮਹਾਤਮਾ ਗਾਂਧੀ ਅਪਣੀ ਅਹਿੰਸਾ ਦੀ ਨੀਤੀ ਕਾਰਨ ਹਥਿਆਰਬੰਦ ਘੋਲ ਦੇ ਪੂਰੀ ਤਰ੍ਹਾਂ ਵਿਰੁਧ ਸਨ। ਮਹਾਤਮਾ ਗਾਂਧੀ ਇੰਡੀਅਨ ਨੈਸ਼ਨਲ ਕਾਂਗਰਸ ਉਪਰ ਕਾਫ਼ੀ ਪ੍ਰਭਾਵ ਰਖਦੇ ਸਨ ਜਿਸ ਕਰ ਕੇ ਭਾਰਤ ਦੇ ਗ਼ੈਰ ਸਿੱਖ ਆਜ਼ਾਦੀ ਘੁਲਾਟੀਆਂ ਦੀ ਪੂਰੀ ਹਮਦਰਦੀ ਗ਼ਦਰੀਆਂ ਨੂੰ ਨਾ ਮਿਲ ਸਕੀ। ਇਸ ਨਾਲ ਹੀ ਇੰਡੀਅਨ ਨੈਸ਼ਨਲ ਕਾਂਗਰਸ ਨੇ ਵਿਸ਼ਵਯੁਧ ਵਿਚ ਅੰਗਰੇਜ਼ੀ ਸਰਕਾਰ ਦੀ ਹਾਮੀਇਤ ਕਰਨ ਦਾ ਫ਼ੈਸਲਾ ਕੀਤਾ।

ਗ਼ਦਰ ਲਹਿਰ ਦੇ ਬਾਨੀਆਂ ਨੇ ਇਕ ਵਿਉਂਤਬੰਦੀ ਇਹ ਕੀਤੀ ਕਿ ਦੇਸ਼ ਦੀਆਂ ਵੱਖ-ਵੱਖ ਫ਼ੌਜੀ ਛਾਉਣੀਆਂ ਵਿਚ ਸਿਪਾਹੀਆਂ ਦੀ ਬਗ਼ਾਵਤ ਕਰਵਾ ਕੇ ਤੇ ਅੰਗਰੇਜ਼ ਸਰਕਾਰ ਦੇ ਆਹਲਾ ਅਫ਼ਸਰਾਂ ਨੂੰ ਖ਼ਤਮ ਕਰ ਕੇ ਹਕੂਮਤ ਅਪਣੇ ਹੱਥ ਵਿਚ ਲਈ ਜਾਵੇ ਜਿਸ ਤਹਿਤ ਅੰਬਾਲਾ ਛਾਉਣੀ, ਫ਼ਿਰੋਜ਼ਪੁਰ ਛਾਉਣੀ ਤੇ ਲਾਹੌਰ ਛਾਉਣੀ ਵਿਚ ਹਥਿਆਰਬੰਦ ਬਗ਼ਾਵਤ ਦੀ ਸਕੀਮ ਬਣਾਈ ਗਈ, ਪਰ ਗ਼ਦਰ ਲਹਿਰ ਵਿਚ ਘੁਸਪੈਠ ਕਰ ਚੁੱਕੇ ਗ਼ੱਦਾਰ ਕਿਰਪਾਲ ਸਿੰਘ ਤੇ ਸ਼ਰਤ ਚੰਦਰ ਬੋਸ ਗ਼ਦਰ ਲਹਿਰ ਦੀ ਹਰ ਨਿੱਕੀ-ਨਿੱਕੀ ਸਰਗਰਮੀ ਤੇ ਪਾਰਟੀ ਦੀ ਸੂਹ ਅੰਗਰੇਜ਼ ਹਕੂਮਤ ਤਕ ਪਹੁੰਚਾਉਂਦੇ ਸਨ ਜਿਸ ਕਰ ਕੇ ਅਗਾਊਂ ਸੂਹ ਮਿਲਣ ਕਰ ਕੇ ਫ਼ੌਜੀ ਛਾਉਣੀਆਂ ਦੀ ਇਹ ਬਗ਼ਾਵਤ ਅਸਫ਼ਲ ਰਹੀ ਤੇ ਫ਼ੌਜੀਆਂ ਨੂੰ ਗ੍ਰਿਫ਼ਤਾਰ ਕਰ ਕੇ ਸੌਕੜਿਆਂ ਨੂੰ ਫਾਂਸੀ, ਉਮਰ ਕੈਦ ਤੇ ਕਾਲੇਪਾਣੀ ਪੋਰਟ ਬਲੇਅਰ ਜੇਲ ਵਿਚ ਨਜ਼ਰ-ਬੰਦ ਕਰ ਦਿਤਾ ਗਿਆ ਜਿਥੇ ਉਨ੍ਹਾਂ ਨਰਕ ਭਰੀ ਜ਼ਿੰਦਗੀ ਬਤੀਤ ਕੀਤੀ।

ਮਾਲਵੇ ਦੀ ਗ਼ਦਰ ਲਹਿਰ ਵਿਚ ਵਿਸ਼ੇਸ਼ ਭੂਮਿਕਾ ਰਹੀ ਜਿਸ ਵਿਚ ਬਾਬਾ ਰੁਡ਼ ਸਿੰਘ ਚੁਹੜਚੱਕ, ਬਾਬਾ ਜਵਾਲਾ ਸਿੰਘ, ਬਾਬਾ ਵਿਸਾਖਾ ਸਿੰਘ ਦਦੇਹਰ, ਹਰਨਾਮ ਸਿੰਘ ਟ੍ਰੈਫ਼ੋਲਾਟ, ਨਿਧਾਨ ਸਿੰਘ ਚੁੱਘਾ, ਮਾਸਟਰ ਉਧਮ ਸਿੰਘ, ਬਾਬਾ ਹਰਨਾਮ ਸਿੰਘ ਦਾਰੀ ਸਾਰੀ, ਕਰੀਮ ਬਖ਼ਸ਼, ਰਹਿਮਤ ਅਲੀ, ਬਾਬਾ ਨਿਧਾਨ ਸਿੰਘ ਮਹੇਸ਼ਰੀ, ਬਚਨ ਸਿੰਘ ਘੋਲੀਆ ਆਦਿ ਸ਼ਾਮਲ ਸਨ। 1947 'ਚ ਆਜ਼ਾਦੀ ਮਿਲਣ ਉਪਰੰਤ ਬਚੇ ਖੁਚੇ ਗ਼ਦਰੀ ਆਗੂਆਂ, ਫ਼ੌਜੀਆਂ ਤੇ ਵਰਕਰਾਂ ਨੂੰ ਰਿਹਾਅ ਕਰਵਾਇਆ ਗਿਆ। ਬਾਅਦ ਵਿਚ ਬੱਬਰਾਂ ਨੇ ਗ਼ਦਰ ਲਹਿਰ ਦੀ ਮੁਖ਼ਬਰੀ ਕਰਨ ਵਾਲੇ ਅਖੌਤੀ ਜ਼ੈਲਦਾਰਾਂ, ਸਫ਼ੇਦਪੋਸ਼ਾਂ ਤੇ ਜ਼ਿਮੀਂਦਾਰਾਂ ਨੂੰ ਸੰਧਿਆ। ਬਾਬਾ ਬਚਨ ਸਿੰਘ ਘੋਲੀਆ 1952 ਤੋਂ 1957 ਤਕ ਹਲਕਾ ਬਾਘਾ ਪੁਰਾਣਾ ਤੋਂ ਐਮ.ਐਲ.ਏ. ਰਹੇ।

ਆਜ਼ਾਦੀ ਲਈ ਆਪਾ ਕੁਰਬਾਨ ਕਰਨ ਵਾਲੇ ਪ੍ਰਵਾਨਿਆਂ ਨੇ ਅਪਣੇ ਆਪ ਨੂੰ ਕੁਰਬਾਨ ਕਰ ਕੇ ਭਾਰਤ ਦੀ ਇਹ ਅਖੰਡੀ ਆਜ਼ਾਦੀ ਹਾਸਲ ਕੀਤੀ। ਆਜ਼ਾਦੀ ਲਈ ਲੜਾਈ ਲੜਨ ਵਾਲੇ ਸ਼ਹੀਦਾਂ ਦੀ ਸੋਚ ਸੀ ਕਿ ਆਜ਼ਾਦੀ ਤੋਂ ਬਾਅਦ ਭਾਰਤ ਵਿਚ ਨਵੀਂ ਕਿਸਮ ਦਾ ਰਾਜਨੀਤਕ, ਸਮਾਜਕ, ਆਰਥਕ, ਵਿਦਿਅਕ ਤੇ ਮਨੁੱਖੀ ਅਧਿਕਾਰਾਂ ਤੇ ਆਜ਼ਾਦੀ ਦੇ ਮਾਹੌਲ ਵਾਲਾ ਢਾਂਚਾ ਸਿਰਜਿਆ ਜਾਵੇਗਾ, ਪਰ ਭਾਰਤ ਦੇ ਡਿਕਟਾਪ੍ਰਸਤ ਤੇ ਸੌੜੀ ਸੋਚ ਵਾਲੇ ਆਗੂਆਂ ਨੇ ਭਾਰਤੀ ਲੋਕਾਂ ਲਈ ਆਜ਼ਾਦ ਭਾਰਤ ਵਰਗਾ ਸੁਪਨਾ ਸਿਰਜਣ ਦੀ ਥਾਂ ਅੰਗਰੇਜ਼ਾਂ ਵਲੋਂ ਘੜਿਆ ਸੰਵਿਧਾਨ ਤੇ ਸਿਆਸੀ ਢਾਂਚਾ ਭਾਰਤੀ ਲੋਕਾਂ ਉਪਰ ਥੋਪ ਕੇ ਉਨ੍ਹਾਂ ਨੂੰ ਅੰਗਰੇਜ਼ਾਂ ਤੋਂ ਵੀ ਭੈੜੀ ਗ਼ੁਲਾਮੀ ਵਿਚ ਧੱਕ ਦਿਤਾ ਜਿਸ ਦੇ ਸਿੱਟੇ ਵਜੋਂ ਅਮੀਰ ਹੋਰ ਅਮੀਰ ਤੇ ਗ਼ਰੀਬ ਹੋਰ ਗ਼ਰੀਬ ਹੁੰਦਾ ਗਿਆ। ਨੇਤਾ ਦਾ ਪੁੱਤਰ ਵਜ਼ੀਰ ਤੇ ਚਪੜਾਸੀ ਦਾ ਪੁੱਤਰ ਚਪੜਾਸੀ ਬਣਦਾ ਗਿਆ।

ਅੰਗਰੇਜ਼ੀ ਹਕੂਮਤ ਨੇ ਇਗਲੈਂਡ ਵਿਚ ਅਪਣੇ ਲੋਕਾਂ ਨੂੰ ਆਜ਼ਾਦੀ ਦਾ ਨਿੱਘ ਦੇਣ ਲਈ ਵੱਖਰਾ ਸੰਵਿਧਾਨ ਲਾਗੂ ਕੀਤਾ ਹੋਇਆ ਸੀ ਜਦਕਿ ਅਪਣੀ ਅਧੀਨਗੀ ਵਾਲੀਆਂ ਬਸਤੀਆਂ ਲਈ ਲੋਕਾਂ ਨੂੰ ਗ਼ੁਲਾਮ ਰੱਖਣ ਵਾਲਾ ਵੱਖਰਾ ਸੰਵਿਧਾਨ ਬਣਾਇਆ ਹੋਇਆ ਸੀ, ਪਰ ਆਜ਼ਾਦ ਭਾਰਤ ਦੇ ਆਗੂਆਂ ਨੇ ਗ਼ੁਲਾਮ ਭਾਰਤ ਦੇ ਲੋਕਾਂ ਦੀ ਮਾਨਸਕਤਾ, ਲੋੜਾਂ, ਗ਼ਰੀਬੀ, ਅ